ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 2349 /ਕਾਲਜ/ਜੀ.ਸੀ.-5

ਮਿਤੀ 5-7-/2022

ਵਿਸ਼ਾ:- ਫੈਕਲਟੀ ਦੀ ਚੋਣ ਲਈ ਇੰਟਰਵਿਊ ਕਰਵਾਉਣ ਲਈ ਵਾਰਿਸ ਭਵਨ ਆਨ ਲਾਇਨ ਬੁੱਕ ਕਰਨ ਸਬੰਧੀ।

ਉਕਤ ਵਿਸ਼ੇ ਸਬੰਧੀ ਸਮੂਹ ਕਾਲਜਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਫੈਕਲਟੀ ਦੀ ਚੋਣ ਲਈ ਇੰਟਰਵਿਊ ਕਰਵਾਉਣ ਸਬੰਧੀ ਵਾਰਿਸ ਭਵਨ ਬੁਕਿੰਗ ਕਾਲਜਾਂ ਵੱਲੋਂ ਆਨਲਾਈਨ ਕੀਤੀ ਜਾਵੇਗੀ। ਵਾਰਿਸ ਭਵਨ ਦੀ ਬੁਕਿੰਗ ਕਰਨ ਲਈ ਕਾਲਜ ਨੂੰ ਪਹਿਲਾਂ ਕਾਲਜ ਪੋਰਟਲ ਵਿੱਚ Shortlist ਲਿੰਕ ਤੇ ਕਲਿੱਕ ਕਰਕੇ ਉਮੀਦਵਾਰਾਂ ਨੂੰ ਸ਼ਾਰਟਲਿਸਟ ਕਰਨਾ ਹੋਵੇਗਾ। ਸਿਰਫ਼ ਯੋਗ ਉਮੀਦਵਾਰਾਂ ਨੂੰ ਹੀ ਇੰਟਰਵਿਊ ਲਈ ਬੁਲਾਇਆ ਜਾਣਾ ਚਾਹੀਦਾ ਹੈ। ਕਾਲਜ ਦੁਆਰਾ ਘੋਖ ਲਿਆ ਜਾਵੇ ਕਿ ਉਮੀਦਵਾਰਾਂ ਦੀ ਸੂਚੀ ਨੂੰ ਪਹਿਲਾਂ ਤੋਂ ਦਿੱਤੇ ਸ਼ਾਰਟਲਿਸਟ ਮਾਪਦੰਡਾਂ (Criteria) ਦੇ ਅਨੁਸਾਰ ਮੈਰਿਟ ਤੇ ਕ੍ਰਮਬੱਧ ਕੀਤਾ ਗਿਆ ਹੈ। ਭਰੀਆਂ ਜਾਣ ਵਾਲੀਆਂ ਖਾਲੀ ਅਸਾਮੀਆਂ ਦੀ ਸੰਖਿਆ ਅਤੇ ਇੰਟਰਵਿਊ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਸੰਖਿਆ ਵਿਚਕਾਰ ਅਨੁਪਾਤ 1:7 ਤੋਂ ਵੱਧ ਨਹੀਂ ਹੋਵੇਗਾ ਅਤੇ ਹਰੇਕ ਵਾਧੂ ਪੋਸਟ ਲਈ ਤਿੰਨ ਉਮੀਦਵਾਰ ਅਤੇ ਘੱਟੋ-ਘੱਟ ਅਨੁਪਾਤ 1:3 ਹੋਵੇਗਾ।

ਉਮੀਦਵਾਰਾਂ ਨੂੰ ਸ਼ਾਰਟਲਿਸਟ ਕਰਨ ਤੋਂ ਬਾਅਦ, ਵਾਰਿਸ ਭਵਨ ਫੀਸ (ਰੁ. 5000+ਜੀਐਸਟੀ) ਨੂੰ SBI Collect (Holiday Home Punjabi University, ਕੈਟਾਗਿਰੀ ਯੂਨੀਵਰਸਿਟੀ ਦੀ ਬੁਕਿੰਗ ਗੈਸਟ ਹਾਊਸ ਵਾਰਿਸ ਭਵਨ) ਰਾਹੀਂ ਆਨਲਾਈਨ ਕਰ ਦਿੱਤੀ ਜਾਵੇਗੀ। ਉਸ ਤੋਂ ਬਾਅਦ ਇਸ਼ਤਿਹਾਰ ਵਿੱਚ ਦਰਜ ਅਸਾਮੀਆਂ ਲਈ ਸਬੰਧਤ ਕਾਲਜ ਨੂੰ ਕਾਲਜ ਪੋਰਟਲ ਦੇ Interview Request ਲਿੰਕ 'ਤੇ ਕਲਿੱਕ ਕਰਕੇ ਇੰਟਰਵਿਊ ਲਈ ਬੇਨਤੀ ਕਰਨੀ ਹੋਵੇਗੀ। ਕਾਲਜ ਇੰਟਰਵਿਊ ਲਈ ਤਿੰਨ ਸੁਵਿਧਾਜਨਕ ਮਿਤੀਆਂ ਦੀ ਚੋਣ ਕਰ ਸਕਦਾ ਹੈ ਅਤੇ ਅੰਤਿਮ ਮਿਤੀ ਡੀਨ ਦਫ਼ਤਰ ਦੁਆਰਾ ਮਨਜ਼ੂਰ ਕੀਤੀ ਜਾਵੇਗੀ, ਕਾਲਜ ਅਤੇ ਸ਼ਾਰਟਲਿਸਟ ਕੀਤੇ ਉਮੀਦਵਾਰਾਂ ਨੂੰ ਕਾਲਜ ਪੋਰਟਲ ਤੇ ਸਥਿਤ ਡੈਸ਼ਬੋਰਡਾਂ ਰਾਹੀਂ ਇੰਟਰਵਿਊ ਦੀ ਮਿਤੀ ਬਾਰੇ ਸੂਚਿਤ ਕੀਤਾ ਜਾਵੇਗਾ।

ਗੁਰਪ੍ਰੀਤ ਸਿੰਘ 5/7/22

ਡੀਨ, ਕਾਲਜ ਵਿਕਾਸ ਕੌਂਸਲ